9122024-Gurdaspur-07.qxd 12/8/2024 10:49 PM Page 2

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ

ਰੇਡੀਓ

ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਕੀਰਤਨ ਵਿਚ **9 ਦਸੰਬਰ** ਨੂੰ ਸ਼ਾਮ 4.00 ਤੋਂ 6.00 ਵਜੇ ਤੱਕ **ਭਾਈ ਸ਼ੌਕੀਨ ਸਿੰਘ** ਅਤੇ **10 ਦਸੰਬਰ** ਨੂੰ ਸਵੇਰੇ 4.00 ਤੋਂ 6.00 ਵਜੇ ਤੱਕ **ਭਾਈ ਦਵਿੰਦਰ ਸਿੰਘ** 'ਆਸਾ ਦੀ ਵਾਰ' ਦਾ ਕੀਰਤਨ ਕਰਨਗੇ।

ਪੀ. ਟੀ. ਸੀ.

ਪੀ. ਟੀ. ਸੀ. ਪੰਜਾਬੀ ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਪ੍ਰੋਗਰਾਮ ਵਿਚ 9 **ਦਸੰਬਰ** ਨੂੰ ਸ਼ਾਮ 4.30 ਤੋਂ 6.30 ਵਜੇ ਤੱਕ **ਭਾਈ ਸ਼ੌਕੀਨ ਸਿੰਘ** ਕੀਰਤਨ, ਪਾਠ 'ਰਹਿਰਾਸ ਸਾਹਿਬ' ਉਪਰੰਤ 'ਆਰਤੀ' **ਭਾਈ ਸਾਹਿਬ ਸਿੰਘ** ਤੇ **10 ਦਸੰਬਰ** ਨੂੰ ਸਵੇਰੇ 4.00 ਵਜੇ ਤੋਂ 7.45 ਵਜੇ ਤੱਕ **ਭਾਈ ਦਵਿੰਦਰ ਸਿੰਘ** ਅਤੇ **ਭਾਈ ਗੁਰਸੇਵਕ ਸਿੰਘ** ਕੀਰਤਨ ਕਰਨਗੇ।

ਐਸ. ਜੀ. ਪੀ. ਸੀ. ਵੈੱਬ ਚੈਨਲ 'ਤੇ ਸਵੇਰੇ 4.00 ਵਜੇ ਤੋਂ 8.30 ਵਜੇ ਤੱਕ, ਦੁਪਹਿਰ 12.30 ਵਜੇ ਤੋਂ 2.20 ਵਜੇ ਤੱਕ ਅਤੇ ਸ਼ਾਮ 5.30 ਵਜੇ ਤੋਂ 7.30 ਵਜੇ ਤੱਕ ਸਿੱਧਾ ਪ੍ਰਸਾਰਨ ਹੁੰਦਾ ਹੈ। ਐਸ. ਜੀ. ਪੀ. ਸੀ. ਦੇ ਮੋਬਾਈਲ ਐਪ ਤੋਂ ਅੰਮ੍ਰਿਤ ਵੇਲੇ ਤੋਂ ਸੁਖ ਆਸਨ ਤੱਕ ਦਾ ਪੂਰਾ ਸਮਾਗਮ ਸੁਣਿਆ ਜਾ ਸਕਦਾ ਹੈ।

ਮੁੱਖ ਵਾਕ ਦੀ ਕਥਾ : 9 ਦਸੰਬਰ ਨੂੰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਤੇ 10 ਦਸੰਬਰ ਨੂੰ ਗਿਆਨੀ ਗੁਰਲਾਲ ਸਿੰਘ ਮੀਰਾਂਕੋਟ, ਗੁ: ਮੰਜੀ ਸਾਹਿਬ ਦੀਵਾਨ ਹਾਲ, ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਸਵੇਰੇ 7.45 ਵਜੇ ਤੋਂ 8.30 ਵਜੇ ਤੱਕ ਮੁੱਖ ਵਾਕ ਦੀ ਕਥਾ ਕਰਨਗੇ।

ਜਨਮ ਦਿਨ ਮੁਬਾਰਕ

ਹਰਪ੍ਰੀਤ ਕੌਰ
ਪਿਤਾ: ਰਮੇਸ਼ ਕੁਮਾਰ
ਮਾਤਾ: ਤਾਮਿਲ
ਵਾਸੀ: ਗੁਰਦਾਸਪੁਰ।

ਜਸ਼ਨਪ੍ਰੀਤ ਸਿੰਘ
ਪਿਤਾ: ਜਸੰਵਿਦਰ ਸਿੰਘ
ਮਾਤਾ: ਲਖਵਿੰਦਰ ਕੌਰ
ਵਾਸੀ: ਖੁੱਥਾ (ਗੁਰਦਾਸਪੁਰ)।

ਵਰ੍ਹੇਗੰਢ ਮਨਾਈ

ਗੁਰਦਾਸਪੁਰ ਦੇ ਜਸਪਾਲ ਸਿੰਘ ਅਤੇ ਪਰਮਜੀਤ ਕੌਰ ਨੇ ਵਿਆਹ ਦੀ 17ਵੀਂ ਵਰ੍ਹੇਗੰਢ ਮਨਾਈ।

ਕਰਨ ਤੇ ਸਿਮੀ ਵਾਸੀ ਡੇਰਾ ਬਾਬਾ ਨਾਨਕ ਨੇ ਆਪਣੇ ਵਿਆਹ ਦੀ 12ਵੀਂ ਵਰ੍ਹੇਗੰਢ ਮਨਾਈ।

ਤਜਿੰਦਰ ਸਿੰਘ ਅਤੇ ਰਾਜਵਿੰਦਰ ਕੌਰ ਵਾਸੀ ਦਾਦੂਯੋਦ (ਯੂ.ਕੇ.) ਨੇ ਵਿਆਹ ਦੀ ਗਿਆਰਵੀਂ ਵਰ੍ਹੇਗੰਢ ਮਨਾਈ।

ਸਰਪੰਚ ਸਰਬਜੀਤ ਸਿੰਘ ਰੰਧਾਵਾ ਅਲੀਨੰਗਲ ਅਤੇ ਮੈਡਮ ਪਰਮਜੀਤ ਕੌਰ ਨੇ ਆਪਣੇ ਵਿਆਹ ਦੀ 30ਵੀਂ ਵਰ੍ਹੇਗੰਢ ਮਨਾਈ।

ਸ: ਮਲਕੀਅਤ ਸਿੰਘ ਤੇ ਮਨਪ੍ਰੀਤ ਕੌਰ ਵਾਸੀ ਛੈਲੋਵਾਲ ਨੇ ਆਪਣੇ ਵਿਆਹ ਦੀ 23ਵੀਂ ਵਰ੍ਹੇਗੰਢ ਮਨਾਈ।

ਪ੍ਰੋਫੈਸਰ ਡਾ: ਅੰਮ੍ਰਿਤਪਾਲ ਸਿੰਘ ਪੱਡਾ ਅਤੇ ਡਾ: ਪ੍ਰਭਜੋਤ ਚਾਹਲ ਵਾਸੀ ਯੂ.ਕੇ. ਨੇ ਆਪਣੇ ਵਿਆਹ ਦੀ ਵਰ੍ਹੇਗੰਢ ਮਨਾਈ।

ਅਮਰੀਕ ਸਿੰਘ ਗਿੱਲ ਅਤੇ ਪਰਮਜੀਤ ਕੌਰ ਵਾਸੀ ਗੁਰਦਾਸਪੁਰ ਨੇ ਆਪਣੇ ਵਿਆਹ ਦੀ 40ਵੀਂ ਵਰ੍ਹੇਗੰਢ ਮਨਾਈ।

ਹਰਜੀਤ ਸਿੰਘ ਅਤੇ ਰਣਜੀਤ ਕੌਰ ਵਾਸੀ ਪੁਰਾਣੀ ਗਲੀ ਸ਼ਾਹਕੋਟ ਨੇ ਆਪਣੇ ਵਿਆਹ ਦੀ 21ਵੀਂ ਵਰ੍ਹੇਗੰਢ ਮਨਾਈ।

ਦਿਹਾਤੀ ਖੇਤਰਾਂ 'ਚ ਟਰੈਫ਼ਿਕ ਨਿਯਮਾਂ ਦੀ ਜਾਣਕਾਰੀ ਨਾ ਹੋਣਾ ਸੜਕੀ ਹਾਦਸਿਆਂ 'ਚ ਵਾਧੇ ਦਾ ਮੁੱਖ ਕਾਰਨ

ਗੁਰਦਾਸਪੁਰ, 8 ਦਸੰਬਰ (ਚੱਕਰਾਜਾ)-ਜਿਵੇਂ-ਜਿਵੇਂ ਹੀ ਵਾਹਨਾਂ ਦੀ ਗਿਣਤੀ ਵੱਧਦੀ ਜਾ ਰਹੀ ਹੈ, ਉਸ ਨੂੰ ਲੈ ਕੇ ਸੜਕ ਹਾਦਸਿਆਂ 'ਚ ਵੀ ਦਿਨੋਂ-ਦਿਨ ਵਾਧਾ ਹੋ ਰਿਹਾ ਹੈ। ਇਨ੍ਹਾਂ ਨਿੱਤ ਵਾਪਰਦੇ ਹਾਦਸਿਆਂ ਦਾ ਮੁੱਖ ਕਾਰਨ ਟੁੱਟੀਆਂ ਸੜਕਾਂ, ਤੇਜ਼ ਰਫਤਾਰ ਨਾਲ ਵਾਹਨ ਚਲਾਉਣਾ ਅਤੇ ਟਰੈਫ਼ਿਕ ਨਿਯਮਾਂ ਦੀ ਸਹੀ ਜਾਣਕਾਰੀ ਨਾ ਹੋਣ ਨੂੰ ਹੀ ਮੰਨਿਆ ਜਾ ਸਕਦਾ ਹੈ। ਭਾਵੇਂ ਕਿ ਟਰੈਫ਼ਿਕ ਪੁਲਿਸ ਜ਼ਿਲ੍ਹਾ ਪ੍ਰਸ਼ਾਸਨ ਅਤੇ ਹੋਰ ਸਮਾਜ ਸੇਵੀ ਸੰਸਥਾਵਾਂ ਵਲੋਂ ਸਮੇਂ-ਸਮੇਂ 'ਤੇ ਲੋਕਾਂ ਨੂੰ ਟਰੈਫ਼ਿਕ ਨਿਯਮਾਂ ਬਾਰੇ ਜਾਣਕਾਰੀ ਦੇਣ ਲਈ ਸੈਮੀਨਾਰ ਲਗਾਏ ਜਾਂਦੇ ਹਨ ਅਤੇ ਇਸ ਸਬੰਧੀ ਕਿਤਾਬਚਿਆਂ ਤੇ ਸੋਸ਼ਲ ਮੀਡੀਆ ਸਾਈਟਾਂ 'ਤੇ ਵੀ ਟਰੈਫ਼ਿਕ ਨਿਯਮਾਂ ਬਾਰੇ ਭਰਪੂਰ ਜਾਣਕਾਰੀ ਉਪਲੱਬਧ ਹੈ। ਪਰ ਇਸ ਦੇ ਬਾਵਜੂਦ ਲੋਕਾਂ 'ਚ ਇਨ੍ਹਾਂ ਨਿਯਮਾਂ ਦੀ ਜਾਣਕਾਰੀ ਨਾ ਹੋਣਾ ਚਿੰਤਾ ਦਾ ਵਿਸ਼ਾ ਹੈ ਤੇ ਸਗੋਂ ਹੋਰ ਵੀ ਘਤਕ ਹੈ। ਦੇਖਿਆ ਗਿਆ ਹੈ ਕਿ ਸੜਕਾਂ 'ਤੇ ਵਾਹਨ ਲੈ ਕੇ ਨਿਕਲੇ ਲੋਕ ਖਾਸ ਕਰਕੇ ਬਜ਼ੁਰਗ, ਮਹਿਲਾਵਾਂ ਅਤੇ ਬੱਚੇ ਜ਼ਿਆਦਾਤਰ ਹਾਦਸਿਆਂ ਨੂੰ ਬੁਲਾਵਾ ਦਿੰਦੇ ਹਨ। ਇਸ ਦਾ ਮੁੱਖ ਕਾਰਨ ਉਨ੍ਹਾਂ ਵਲੋਂ ਟਰੈਫ਼ਿਕ ਨਿਯਮਾਂ ਦੀ ਪਾਲਨਾ ਨਾ ਕਰਨਾ ਹੁੰਦਾ ਹੈ। ਬਹੁਤੀ ਵਾਰ ਵਾਹਨ ਚਾਲਕ ਨੂੰ ਇਹ ਵੀ ਨਹੀਂ ਪਤਾ ਹੁੰਦਾ ਕਿ ਕਦੋਂ, ਕਿੱਥੋਂ ਤੇ ਕਿਵੇਂ ਮੁੜਨਾ ਹੈ, ਇਸ਼ਾਰਾ ਦੇਣਾ, ਆਪਣੇ ਵਾਹਨ ਦੀ ਗਤੀ ਦੀ ਕਿੰਨੀ ਰੱਖਣੀ ਹੈ, ਆਪਣੇ ਪਿਛਲੇ ਅਤੇ ਸਾਹਮਣੇ ਤੋਂ ਆ ਰਹੇ ਵਾਹਨ ਨੂੰ ਰਸਤਾ ਦਿੰਦੇ ਸਮੇਂ ਕਿਸ ਗੱਲ ਦਾ ਧਿਆਨ ਰੱਖਣਾ ਹੈ। ਸੜਕ ਵਿਚਲੀ ਚਿੱਟੀ ਪੱਟੀ ਦੀ ਜਾਣਕਾਰੀ ਹੋਣਾ, ਬਹੁਤ ਸਮੇਂ ਵਾਹਨ ਦੀਆਂ ਲਾਈਟਾਂ ਦਾ ਸਹੀ ਉਪਯੋਗ ਕਰਨਾ, ਚੌਕਾਂ ਵਿਚ ਲੱਗੀਆਂ ਟਰੈਫ਼ਿਕ ਲਾਈਟਾਂ ਦਾ ਖਿਆਲ ਰੱਖਣ ਆਦਿ ਨਿਯਮਾਂ ਦੀ ਜਾਣਕਾਰੀ ਹੋਣਾ ਅਤਿ ਜ਼ਰੂਰੀ ਹੈ। ਪਰ ਇਸ ਦੇ ਉਲਟ ਵਾਹਨ ਲੈ ਕੇ ਸੜਕਾਂ 'ਤੇ ਨਿਕਲੇ ਲੋਕਾਂ ਦੀ ਵਾਹਨ ਚਲਾਉਣੀ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਅੱਜ ਕੱਲ੍ਹ ਮਹਿਲਾਵਾਂ ਜਾਂ ਵਿਦਿਆਰਥਣਾਂ ਦੀ 2 ਜਾਂ 4 ਪਹੀਆ ਵਾਹਨ ਚਲਾਉਣ ਦੀ ਰੁਚੀ ਵਿਚ ਵਾਧਾ ਹੋਇਆ ਅਤੇ ਨਿਯਮਾਂ ਦੀ ਉਨ੍ਹਾਂ ਨੂੰ ਜਾਣਕਾਰੀ ਨਾ ਹੋਣ ਕਾਰਨ ਆਮ ਤੌਰ 'ਤੇ ਹਾਦਸੇ ਦਾ ਸ਼ਿਕਾਰ ਹੋ ਰਹੀਆਂ ਹਨ। ਬਹੁਤ ਸਾਰੇ ਡਰਾਈਵਰਾਂ ਨੂੰ ਵਾਹਨ ਦੀਆਂ ਲਾਈਟਾਂ ਦੀ ਹਾਈ ਅਤੇ ਲੋਅ ਬੀਮ ਬਾਰੇ ਵੀ ਜਾਣਕਾਰੀ ਨਹੀਂ, ਜਿਸ ਕਾਰਨ ਸਾਹਮਣੇ ਤੋਂ ਆ ਰਿਹਾ ਵਾਹਨ ਚਾਲਕ ਨਾ ਦਿਸਣ ਕਾਰਨ ਹਾਦਸੇ ਦਾ ਸ਼ਿਕਾਰ ਹੁੰਦਾ ਹੈ। ਧੁੰਦ ਦੇ ਦਿਨਾਂ 'ਚ ਵਾਹਨ ਉਪਰ ਵਰਤੀਆਂ ਜਾਣ ਵਾਲੀਆਂ ਫੋਗ ਲਾਈਟਾਂ ਦੀ ਵਰਤੋਂ ਨਾਲ ਵੀ ਹਾਦਸਿਆਂ 'ਚ ਕਮੀ ਆ ਸਕਦੀ ਹੈ।

ਆਸਟ੍ਰੇਲੀਆ ਜਾਣ ਵਾਲੇ ਵਿਦਿਆਰਥੀਆਂ ਦਾ ਸੁਪਨਾ ਪੂਰਾ ਕਰ ਰਹੇ ਹਨ 'ਗੈਵੀ ਕਲੇਰ'

ਫਰਵਰੀ ਇਨਟੇਕ ਅਪਲਾਈ ਕਰਨ ਦਾ ਆਖ਼ਰੀ ਮੌਕਾ

ਗੁਰਦਾਸਪੁਰ, 8 ਦਸੰਬਰ (ਜਸਵਿੰਦਰ ਕੌਰ)-ਪੜ੍ਹਾਈ ਲਈ ਆਸਟ੍ਰੇਲੀਆ ਜਾਣ ਵਾਲੇ ਵਿਦਿਆਰਥੀਆਂ ਦੇ ਸਭ ਤੋਂ ਭਰੋਸੇਮੰਦ ਅਤੇ ਕਾਬਲ ਸਟੱਡੀ ਵੀਜ਼ਾ ਮਾਹਿਰ ਗੈਵੀ ਕਲੇਰ ਆਸਟ੍ਰੇਲੀਆ ਦੇ 100 ਪ੍ਰਤੀਸ਼ਤ ਨਤੀਜੇ ਦੇ ਰਹੇ ਹਨ। ਗੈਵੀ ਕਲੇਰ ਸਿਰਫ਼ ਫਰੈਸ਼ ਵਿਦਿਆਰਥੀਆਂ ਦੇ ਹੀ ਨਹੀਂ, ਬਲਕਿ ਗੈਪ ਵਾਲੇ ਵਿਦਿਆਰਥੀਆਂ ਦੇ ਵੀ ਆਸਟ੍ਰੇਲੀਆ ਜਾਣ ਦੇ ਸੁਪਨੇ ਨੂੰ ਪੂਰਾ ਕਰ ਰਹੇ ਹਨ। ਬੀਤੇ ਦਿਨ ਗੈਵੀ ਕਲੇਰ ਵਲੋਂ ਇਕ ਹੋਰ ਵਿਦਿਆਰਥੀ ਤੇਜਬੀਰ ਸਿੰਘ ਪੁੱਤਰ ਕੁਲਬੀਰ ਸਿੰਘ ਵਾਸੀ ਤਹਾਥੀ ਸੋਹਲ ਤਰਨਤਾਰਨ ਦਾ ਆਸਟ੍ਰੇਲੀਆ ਦਾ ਵੀਜ਼ਾ ਲਗਵਾ ਕੇ ਦਿੱਤਾ ਹੈ। ਗੈਵੀ ਕਲੇਰ ਨੇ ਕਿਹਾ ਕਿ ਕੁਝ ਲੋਕ ਵਿਦਿਆਰਥੀਆਂ ਨੂੰ ਇਹ ਕਹਿ ਕੇ ਗੁੰਮਰਾਹ ਕਰ ਰਹੇ ਹਨ ਕਿ ਆਸਟ੍ਰੇਲੀਆ ਵਲੋਂ ਵਿਦਿਆਰਥੀਆਂ ਨੂੰ ਵੀਜ਼ੇ ਨਹੀਂ ਦਿੱਤੇ ਜਾ ਰਹੇ। ਪਰ ਇਨ੍ਹਾਂ ਅਫ਼ਵਾਹਾਂ ਵਿਚ ਕੋਈ ਸੱਚਾਈ ਨਹੀਂ ਹੈ। ਜਿਨ੍ਹਾਂ ਵਿਦਿਆਰਥੀਆਂ ਪੰਜਾਬ ਬੋਰਡ, ਸੀ.ਬੀ.ਐਸ.ਈ, ਆਈ.ਸੀ.ਐਸ.ਈ. ਬੋਰਡ ਜਾਂ ਫਿਰ ਚੇਂਜ ਬੋਰਡ ਵਿਚ +2 ਪਾਸ ਕੀਤੀ ਹੈ ਅਤੇ ਉਨ੍ਹਾਂ ਦੀ 65 ਪ੍ਰਤੀਸ਼ਤ ਅੰਕ ਹਨ, ਉਹ ਵਿਦਿਆਰਥੀ ਆਈਲੈਟਸ ਵਿਚੋਂ ਓਵਰਆਲ 6.5 ਬੈਂਡ ਅਤੇ 1 ਮਡਿਊਲ ਵਿਚੋਂ 6 ਬੈਂਡ ਨਾਲ ਅਪਲਾਈ ਕਰ ਸਕਦੇ ਹਨ ਤੇ ਪੀ.ਈ.ਟੀ. ਵਿਚੋਂ 58 ਸਕੋਰ ਵਾਲੇ ਵਿਦਿਆਰਥੀ ਵੀ ਅਪਲਾਈ ਕਰ ਸਕਦੇ ਹਨ। ਪੜ੍ਹਾਈ ਵਿਚ 2 ਸਾਲ ਦਾ ਗੈਪ ਚੱਲ ਸਕਦਾ ਹੈ। 60 ਪ੍ਰਤੀਸ਼ਤ ਅੰਕਾਂ ਨਾਲ ਗ੍ਰੈਜੂਏਸ਼ਨ ਪਾਸ ਵਿਦਿਆਰਥੀ ਆਪਣੇ ਸਪਾਊਸ ਨਾਲ ਅਪਲਾਈ ਕਰ ਸਕਦੇ ਹਨ। ਜਿਹੜੇ ਵਿਦਿਆਰਥੀ ਬੈਚਲਰ ਜਾਂ ਮਾਸਟਰ ਡਿਗਰੀ ਕਰਨਾ ਚਾਹੁੰਦੇ ਹਨ, ਉਨ੍ਹਾਂ ਲਈ ਫਰਵਰੀ ਇਨਟੇਕ ਇਕ ਵਧੀਆ ਮੌਕਾ ਹੈ। ਫਰਵਰੀ ਇਨਟੇਕ ਲਈ ਸੀਟਾਂ ਉਪਲੱਬਧ ਹਨ। ਵਿਦਿਆਰਥੀਆਂ ਨੂੰ ਕਿਸੇ ਵੀ ਤਰ੍ਹਾਂ ਦੇ ਪੁਰਾਣੇ ਫ਼ੰਡਾਂ ਦੀ ਲੋੜ ਨਹੀਂ। ਗੈਵੀ ਕਲੇਰ ਨੇ ਕਿਹਾ ਕਿ ਵਿਦਿਆਰਥੀ ਫਾਸਟ ਪ੍ਰੋਸੈਸ ਰਾਹੀਂ ਸਿਰਫ਼ 10 ਦਿਨਾਂ ਵਿਚ ਅਨਕੰਡੀਸ਼ਨਲ ਆਫ਼ਰ ਲੈਟਰ ਹਾਸਲ ਕਰਨ। ਗੈਵੀ ਕਲੇਰ ਹਰ ਰੋਜ਼ ਸਵੇਰੇ 10 ਵਜੇ ਤੋਂ 2 ਵਜੇ ਤੱਕ ਗੁਰਦਾਸਪੁਰ ਅਤੇ ਦੁਪਹਿਰ 3 ਵਜੇ ਤੋਂ ਸ਼ਾਮ 6 ਵਜੇ ਤੱਕ ਅੰਮ੍ਰਿਤਸਰ ਦਫ਼ਤਰ ਵਿਖੇ ਮਿਲਦੇ ਹਨ।

ਵਿਦਿਆਰਥੀ ਤੇਜਬੀਰ ਸਿੰਘ ਆਸਟ੍ਰੇਲੀਆ ਦਾ ਲੱਗਾ ਵੀਜ਼ਾ ਦਿਖਾਉਂਦਾ ਹੋਇਆ। ਅਜੀਤ ਤਸਵੀਰ

ਗਰੀਬ ਰਿਕਸ਼ਾ ਚਾਲਕ ਰੋਜ਼ੀ ਰੋਟੀ ਲਈ ਟੁੱਟੇ ਰਿਕਸ਼ੇ 'ਤੇ ਕੰਮ ਚਲਾਉਣ ਲਈ ਮਜਬੂਰ

ਡੀ.ਸੀ. ਗੁਰਦਾਸਪੁਰ ਪਾਸੋਂ ਨਵੇਂ ਰਿਕਸ਼ੇ ਦੀ ਕੀਤੀ ਮੰਗ

ਗੁਰਦਾਸਪੁਰ, 8 ਦਸੰਬਰ (ਅਸ਼ੋਕ ਸ਼ਰਮਾ)-ਗੁਰਦਾਸਪੁਰ ਦੇ ਪੱਛੜੇ ਬੇਟ ਕਸਬੇ ਪੁਰਾਣਾ ਸ਼ਾਲਾ ਦਾ ਵਸਨੀਕ ਪਿਛਲੇ ਇਕ ਦਹਾਕੇ ਤੋਂ ਟੁੱਟੇ ਭੱਜੇ ਰਿਕਸ਼ੇ 'ਤੇ ਕੰਮ ਕਰਕੇ ਆਪਣੀ ਰੋਜ਼ੀ ਰੋਟੀ ਕਮਾਉਣ ਤੋਂ ਮਜ਼ਬੂਰ ਹੋਇਆ ਪਿਆ ਹੈ ਅਤੇ ਘਰ ਦੇ ਹਾਲਾਤ ਮਾੜੇ ਹੋਣ ਕਰਕੇ ਨਵਾਂ ਰਿਕਸ਼ਾ ਖਰੀਦਣ ਤੋਂ ਅਸਮਰੱਥ ਹੈ। ਉਘੇ ਸਮਾਜ ਸੇਵਕ ਵਿਪਨ ਵਰਮਾ ਅਤੇ ਨੀਲਮ ਵਰਮਾ ਨੇ ਦੱਸਿਆ ਕਿ ਟਹਿਣੀ ਮਸੀਹ ਪੁੱਤਰ ਸੀਦੂ ਮਸੀਹ ਵਾਸੀ ਪੁਰਾਣਾ ਸ਼ਾਲਾ ਪਿਛਲੇ ਇਕ ਦਹਾਕੇ ਤੋਂ ਆਪਣੇ ਪਰਿਵਾਰ ਦੀ ਰੋਜ਼ੀ ਰੋਟੀ ਲਈ ਸਵਾਰੀਆਂ ਢੋਣ ਵਾਸਤੇ ਟੁੱਟੇ ਰਿਕਸ਼ੇ 'ਤੇ ਕੰਮ ਕਰ ਰਿਹਾ ਹੈ ਅਤੇ ਕਿਸੇ ਵੀ ਸਮਾਜ ਸੇਵੀ ਤੇ ਹੋਰ ਜਥੇਬੰਦੀਆਂ ਨੇ ਉਸ ਦੀ ਬਾਂਹ ਨਹੀਂ ਫੜੀ। ਜਿਸ ਕਰਕੇ ਉਹ ਮਾਯੂਸ ਨਜ਼ਰ ਆ ਰਿਹਾ ਹੈ। ਵਿਪਨ ਵਰਮਾ ਨੇ ਦੱਸਿਆ ਕਿ ਗਰੀਬ ਟਹਿਣੀ ਮਸੀਹ ਨੂੰ ਰਿਕਸ਼ਾ ਨਵਾਂ ਦਿਵਾਉਣ ਲਈ ਅਨੇਕਾਂ ਵਾਰ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੂੰ ਦਰਖਾਸਤਾਂ ਦਿੱਤੀਆਂ ਹਨ, ਪਰ ਉਸ ਨੂੰ ਨਵਾਂ ਰਿਕਸ਼ਾ ਨਸੀਬ ਨਹੀਂ ਹੋਇਆ। ਉਨ੍ਹਾਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਰੈਡ ਕਰਾਸ ਗੁਰਦਾਸਪੁਰ ਨੂੰ ਹਦਾਇਤਾਂ ਕਰਕੇ ਉਸ ਨੂੰ ਨਵਾਂ ਰਿਕਸ਼ਾ ਦਿਵਾਇਆ ਜਾਵੇ। ਜਿਸ ਨਾਲ ਉਹ ਆਪਣੇ ਪਰਿਵਾਰ ਦਾ ਚੰਗੇ ਤਰੀਕੇ ਨਾਲ ਪਾਲਨ ਪੋਸ਼ਣ ਕਰ ਸਕੇ।

ਪੁਰਾਣਾ ਸ਼ਾਲਾ ਵਸਨੀਕ ਰਿਕਸ਼ਾ ਚਾਲਕ ਟਹਿਣੀ ਮਸੀਹ ਜਾਣਕਾਰੀ ਦਿੰਦੇ ਹੋਏ। ਤਸਵੀਰ: ਅਸ਼ੋਕ ਸ਼ਰਮਾ

ਸੁਖਬੀਰ ਸਿੰਘ ਬਾਦਲ 'ਤੇ ਹੋਇਆ ਹਮਲਾ ਅਤਿ ਨਿੰਦਣਯੋਗ-ਅਕਾਲੀ ਆਗੂ

ਅੱਚਲ ਸਾਹਿਬ, 8 ਦਸੰਬਰ (ਗੁਰਚਰਨ ਸਿੰਘ)-ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਲਗਾਈ ਗਈ ਧਾਰਮਿਕ ਸਜਾ ਨਿਭਾਉਂਦਿਆਂ ਸ: ਸੁਖਬੀਰ ਸਿੰਘ ਬਾਦਲ ਉਪਰ ਹੋਇਆ ਹਮਲਾ ਬਹੁਤ ਹੀ ਮੰਦਭਾਗੀ ਘਟਨਾ ਹੈ, ਜਿਸ ਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ ਥੋੜ੍ਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਹਲਕਾ ਸ੍ਰੀ ਹਰਗੋਬਿੰਦਪੁਰ ਦੇ ਸੀਨੀਅਰ ਆਗੂ ਸਰਕਲ ਪ੍ਰਧਾਨ ਸੁਖਦੇਵ ਸਿੰਘ ਵੈਰੋਨੰਗਲ, ਜਸਵੰਤ ਸਿੰਘ ਟਿੱਕਾ ਨਸੀਰਪੁਰ, ਡਾ. ਜਸਬੀਰ ਸਿੰਘ ਸੱਲੋ, ਸਰਕਲ ਪ੍ਰਧਾਨ ਬਲਜਿੰਦਰ ਸਿੰਘ ਸੱਲੋ, ਸਕੱਤਰ ਸਿੰਘ ਨਸੀਰਪੁਰ, ਸਾ. ਸੰਮਤੀ ਮੈਂਬਰ ਹਰਪਾਲ ਸਿੰਘ ਆਦਿ ਆਗੂਆਂ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੂੰ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਤਨਖਾਹ ਲਾਈ ਗਈ ਹੈ, ਉਸੇ ਤਹਿਤ ਹੀ ਉਹ ਨਿਮਾਣੇ ਸਿੱਖ ਵਜੋਂ ਦਰਬਾਰ ਸਾਹਿਬ ਦੇ ਬਾਹਰ ਆਪਣੀ ਸੇਵਾ ਨਿਭਾਅ ਰਹੇ ਸਨ। ਇਸ ਦੌਰਾਨ ਹੀ ਉਨ੍ਹਾਂ ਉਪਰ ਕੀਤਾ ਗਿਆ ਜਾਨਲੇਵਾ ਹਮਲਾ ਅਤਿ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਰਾਜ ਵਿਚ ਕੋਈ ਵੀ ਸੁਰੱਖਿਅਤ ਨਹੀਂ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਘਟਨਾ ਦੀ ਉਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ ਅਤੇ ਅਸਲ ਦੋਸ਼ੀਆਂ ਨੂੰ ਸਾਹਮਣੇ ਲਿਆਉਣਾ ਚਾਹੀਦਾ ਹੈ। ਪਾਵਨ ਪਵਿੱਤਰ ਅਸਥਾਨ 'ਤੇ ਜਾ ਕੇ ਗੋਲੀਆਂ ਚਲਾਉਣ ਵਾਲਾ ਸਿੱਖ ਨਹੀਂ ਹੋ ਸਕਦਾ।

ਥਾਣਾ ਕੋਟਲੀ ਸੂਰਤ ਮੱਲ੍ਹੀ ਦੇ ਨਵੇਂ ਐਸ.ਐਚ.ਓ. ਨੇ ਚਾਰਜ ਸੰਭਾਲਿਆ

ਕੋਟਲੀ ਸੂਰਤ ਮੱਲ੍ਹੀ, 8 ਦਸੰਬਰ (ਕੁਲਦੀਪ ਸਿੰਘ ਨਾਗਰਾ)-ਥਾਣਾ ਕੋਟਲੀ ਸੂਰਤ ਮੱਲ੍ਹੀ ਦੇ ਮੁਖੀ ਕੁਲਵਿੰਦਰ ਸਿੰਘ ਦਾ ਤਬਾਦਲਾ ਕਰਨ ਉਪਰੰਤ ਨਵੇਂ ਆਏ ਐਸ.ਐਚ.ਓ. ਇੰਸ. ਅਮਰਜੀਤ ਮਸੀਹ ਨੇ ਥਾਣੇ ਦਾ ਚਾਰਜ ਸੰਭਾਲ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਥਾਣੇ ਦਾ ਚਾਰਜ ਸੰਭਾਲਣ ਉਪਰੰਤ ਐਸ.ਐਚ